# ਪ੍ਰਵਾਸੀ ਵਰਕਰਾਂ ਦੇ ਹੱਕ

**ਰਾਸ਼ਟਰੀ ਕਿਰਤ ਸਬੰਧਾਂ ਬਾਰੇ ਕਾਨੂੰਨ (NLRA) ਹੇਠ ਪ੍ਰਵਾਸੀ ਵਰਕਰਾਂ ਦੇ ਹੱਕ**

ਰਾਸ਼ਟਰੀ ਕਿਰਤ ਸਬੰਧਾਂ ਬਾਰੇ ਬੋਰਡ (NLRB), ਰਾਸ਼ਟਰੀ ਕਿਰਤ ਸਬੰਧਾਂ ਬਾਰੇ ਕਾਨੂੰਨ (NLRA) ਹੇਠ ਮੁਲਾਜ਼ਮਾਂ ਦੇ ਇਮੀਗ੍ਰੇਸ਼ਨ ਦੇ ਦਰਜੇ ਨੂੰ ਧਿਆਨ ਵਿੱਚ ਰੱਖੇ ਬਿਨਾ, ਉਹਨਾਂ ਦੇ ਹੱਕਾਂ ਦੀ ਰਾਖੀ ਕਰਦਾ ਹੈ।

ਕਿਉਂਕਿ ਇਮੀਗ੍ਰੇਸ਼ਨ ਦਾ ਦਰਜਾ, ਇਸ ਗੱਲ ਲਈ ਢੁਕਵਾਂ ਨਹੀਂ ਹੈ ਕਿ ਕੀ NLRA ਦੀ ਉਲੰਘਣਾ ਹੋਈ ਹੈ:

- ਅਸੀਂ ਤੁਹਾਡੇ ਇਮੀਗ੍ਰੇਸ਼ਨ ਦੇ ਦਰਜੇ ਬਾਰੇ ਨਹੀਂ ਪੁੱਛਾਂਗੇ।
- ਆਪਣੇ ਇਮੀਗ੍ਰੇਸ਼ਨ ਦੇ ਦਰਜੇ ਬਾਰੇ, ਸਾਡੇ ਨਾਲ ਤੁਹਾਨੂੰ ਕੋਈ ਜਾਣਕਾਰੀ ਸਾਂਝੀ ਕਰਨ ਦੀ ਲੋੜ ਨਹੀਂ ਹੈ।
- ਤੁਹਾਨੂੰ ਆਪਣੇ ਮੌਜੂਦਾ/ਸਾਬਕਾ ਸਹਿ-ਵਰਕਰਾਂ ਦੇ ਦਰਜੇ ਬਾਰੇ ਵੀ ਕੋਈ ਜਾਣਕਾਰੀ ਸਾਂਝੀ ਕਰਨ ਦੀ ਲੋੜ ਨਹੀਂ ਹੈ।

ਜੇ ਕਿਸੇ ਕੰਮ ਵਾਲੀ ਥਾਂ 'ਤੇ NLRB ਦੀ ਪੜਤਾਲ ਜਾਂ ਐਨਫ਼ੋਰਸਮੈਂਟ ਸਬੰਧੀ ਕਾਰਵਾਈ ਚੱਲ ਰਹੀ ਹੈ ਅਤੇ ਤੁਸੀਂ ਜਾਂ ਤੁਹਾਡਾ ਨੁਮਾਇੰਦਾ ਸਾਨੂੰ ਦੱਸਦਾ ਹੈ ਕਿ ਕੰਮ ਕਰਨ ਵਾਲੇ ਵਰਕਰਾਂ ਦੀ ਰਾਖੀ ਲਈ ਉਸ ਕੰਮ ਵਾਲੀ ਥਾਂ 'ਤੇ ਇਮੀਗ੍ਰੇਸ਼ਨ ਰਾਹਤ ਜ਼ਰੂਰੀ ਹੈ ਅਤੇ ਜੋ NLRB ਦੀ ਪੜਤਾਲ ਜਾਂ ਐਨਫ਼ੋਰਸਮੈਂਟ ਸਬੰਧੀ ਕਾਰਵਾਈ ਵਿੱਚ ਮਿਲਵਰਤਨ ਕਰਨਾ ਚਾਹੁੰਦਾ ਹੈ ਜਾਂ ਕਰਨ ਲਈ ਤਿਆਰ ਹੋ ਸਕਦਾ ਹੈ, ਪਰ ਇੰਜ ਕਰਨ ਲਈ ਬਦਲਾ ਲੈਣ ਦੀ ਕਾਰਵਾਈ ਤੋਂ ਡਰ ਸਕਦਾ ਹੈ, ਇਸ ਕਰਕੇ ਤੁਸੀਂ ਬੇਨਤੀ ਕਰ ਸਕਦੇ ਹੋ ਕਿ NLRB ਹਿੱਤ ਬਾਰੇ ਸਟੇਟਮੈਂਟ ਜਾਰੀ ਕਰੇ, ਤਾਂ ਜੋ ਮੁਲਾਜ਼ਮ ਹੋਮਲੈਂਡ ਸਿਕਿਓਰਿਟੀ ਵਿਭਾਗ ਤੋਂ ਰੱਦ ਕੀਤੀ ਗਈ ਕਾਰਵਾਈ ਦੀ ਬੇਨਤੀ ਕਰਨ ਲਈ ਇਸਦੀ ਵਰਤੋਂ ਕਰ ਸਕਣ। ਢੁਕਵੇਂ ਕੇਸਾਂ ਵਿੱਚ, NLRB U ਵੀਜ਼ਾ ਅਤੇ T ਵੀਜ਼ਾ ਸਰਟੀਫ਼ਿਕੇਸ਼ਨ ਮੁਕੰਮਲ ਕਰਨ ਬਾਰੇ ਵੀ ਵਿਚਾਰ ਕਰ ਸਕਦਾ ਹੈ।

**ਰੱਦ ਕੀਤੀ ਗਈ ਕਾਰਵਾਈ ਦੀ ਹਿਮਾਇਤ ਵਿੱਚ ਹਿੱਤ ਬਾਰੇ ਸਟੇਟਮੈਂਟ ਲਈ ਬੇਨਤੀ ਕਰਨੀ**

NLRB ਨੂੰ ਕਿਸੇ ਖ਼ਾਸ ਕੰਮ ਵਾਲੀ ਥਾਂ ਲਈ ਹਿੱਤ ਬਾਰੇ ਸਟੇਟਮੈਂਟ ਵਾਸਤੇ ਹੇਠਾਂ ਦਿੱਤੇ ਕਿਸੇ ਵੀ/ਸਾਰਿਆਂ ਨੂੰ ਦੱਸਣ ਲਈ ਬੇਨਤੀ ਕਰਨੀ ਚਾਹੀਦੀ ਹੈ: ਕੇਸ ਲਈ ਨਿਯੁਕਤ ਕੀਤਾ ਗਿਆ ਬੋਰਡ ਏਜੰਟ, ਇਲਾਕੇ ਵਿੱਚ ਇਮੀਗ੍ਰੇਸ਼ਨ ਕੋਆੱਰਡੀਨੇਟਰ, ਇਲਾਕਾਈ ਡਾਇਰੈਕਟਰ ਅਤੇ ਵਾੱਸ਼ਿੰਗਟਨ DC ਵਿਚਲੀ ਇਮੀਗ੍ਰੇਸ਼ਨ ਟੀਮ (Immigration.Team@nlrb.gov)।
ਬੇਨਤੀਆਂ ਵਿੱਚ NLRB ਕੇਸ ਨੰਬਰ, NLRB ਦੀ ਕਾਰਵਾਈ ਵਿੱਚ ਸ਼ਾਮਿਲ ਕੰਮ ਵਾਲੀ ਥਾਂ (ਥਾਵਾਂ) ਦੀ ਸਥਿਤੀ ਅਤੇ ਨੌਕਰੀਦਾਤਾ ਦਾ/ਦੇ ਨਾਂ, ਜੋ ਤਨਖ਼ਾਹ ਵਾਲੀਆਂ ਸਲਿੱਪਾਂ ਜਾਂ ਹੋਰ ਦਸਤਾਵੇਜ਼ਾਂ 'ਤੇ ਹੁੰਦਾ ਹੈ, ਨੂੰ ਸ਼ਾਮਿਲ ਕਰਨਾ ਚਾਹੀਦਾ ਹੈ।

**U ਅਤੇ T ਵੀਜ਼ਾ ਸਰਟੀਫ਼ਿਕੇਸ਼ਨ ਲਈ ਬੇਨਤੀ ਕਰਨਾ**

U ਅਤੇ T ਵੀਜ਼ਾ ਸਰਟੀਫ਼ਿਕੇਸ਼ਨ ਲਈ ਬੇਨਤੀਆਂ, ਹੇਠਾਂ ਦਿੱਤੇ ਕਿਸੇ ਵੀ/ਸਾਰਿਆਂ ਨੂੰ ਭੇਜਣੀਆਂ ਚਾਹੀਦੀਆਂ ਹਨ: ਕੇਸ ਲਈ ਨਿਯੁਕਤ ਕੀਤਾ ਗਿਆ ਬੋਰਡ ਏਜੰਟ, ਇਲਾਕੇ ਵਿੱਚ ਇਮੀਗ੍ਰੇਸ਼ਨ ਕੋਆੱਰਡੀਨੇਟਰ, ਇਲਾਕਾਈ ਡਾਇਰੈਕਟਰ ਅਤੇ ਵਾੱਸ਼ਿੰਗਟਨ DC ਵਿਚਲੀ ਇਮੀਗ੍ਰੇਸ਼ਨ ਟੀਮ (Immigration.Team@nlrb.gov)।

ਬੇਨਤੀਆਂ ਨਾਲ ਇਹ ਫ਼ੈਸਲਾ ਕਰਨ ਲਈ ਢੁਕਵੀਂ ਬੁਨਿਆਦ ਤਿਆਰ ਕਰਨੀ ਚਾਹੀਦੀ ਹੈ ਕਿ ਯੋਗ ਮੁਜਰਮਾਨਾ ਸਰਗਰਮੀ ਹੋਈ ਹੈ, ਜਿਸਦਾ NLRB ਦੇ ਇਲਾਕਾਈ ਦਫ਼ਤਰ ਵਲੋਂ ਕੀਤੀ ਗਈ ਪੜਤਾਲ ਜਾਂ ਮੁਕੱਦਮੇਬਾਜ਼ੀ ਵਾਲੇ NLRB ਕੇਸ ਨਾਲ ਕੋਈ ਗੰਢ-ਤੁੱਪ ਹੈ। ਖ਼ਾਸ ਤੌਰ 'ਤੇ, ਬੇਨਤੀ ਰਾਹੀਂ ਯੋਗ ਮੁਜਰਮਾਨਾ ਸਰਗਰਮੀ ਜਾਂ ਸਰਗਰਮੀਆਂ ਦੇ ਮੂਲ ਸਥਾਈ ਤੱਤਾਂ ਦੀ ਪਛਾਣ ਕਰਨੀ ਚਾਹੀਦੀ ਹੈ ਅਤੇ ਉਹਨਾਂ ਤੱਤਾਂ ਦੇ ਪੱਖ ਵਿੱਚ ਸਬੂਤ ਦੀ ਪਛਾਣ ਕਰਨੀ ਚਾਹੀਦੀ ਹੈ।

## ਹੋਰ ਸ੍ਰੋਤ

ਪ੍ਰਵਾਸੀ ਵਰਕਰਾਂ ਲਈ NLRB ਦੇ ਸੋਧ ਅਤੇ ਸ੍ਰੋਤ ਹਨ:

- ਪ੍ਰਵਾਸੀ ਵਰਕਰ ਲਈ ਗੁਆਹਾਂ ਵਾਸਤੇ ਪੜਤਾਲ ਸਬੰਧੀ ਜਾਣਕਾਰੀ (2022)
- ਆਪਣੇ ਹੱਕਾਂ ਬਾਰੇ ਜਾਣੋ:ਪ੍ਰਵਾਸੀ ਵਰਕਰ (2023)
- NLRB ਅਮਲਾਂ ਲਈ ਪ੍ਰਵਾਸੀ ਵਰਕਰਾਂ ਲਈ ਸੁਰੱਖਿਅਤ ਅਤੇ ਮਾਣ ਵਾਲੀ ਪਹੁੰਚ ਨੂੰ ਯਕੀਨੀ ਬਣਾਉਣਾ (2022)
- NLRA ਹੇਠ ਪ੍ਰਵਾਸੀ ਵਰਕਰਾਂ ਲਈ ਹੱਕਾਂ ਅਤੇ ਤਦਬੀਰਾਂ ਨੂੰ ਯਕੀਨੀ ਬਣਾਉਣਾ (2021)
- NLRB ਦੀਆਂ ਕਾਨੂੰਨੀ ਕਾਰਵਾਈਆਂ ਦੌਰਾਨ ਸਾਹਮਣੇ ਆਉਣ ਵਾਲੇ ਇਮੀਗ੍ਰੇਸ਼ਨ ਦੇ ਦਰਜੇ ਸਬੰਧੀ ਮਾਮਲੇ ਨਾਲ ਨਜਿੱਠਣ ਲਈ ਅਪਡੇਟ ਕੀਤੇ ਗਏ ਅਮਲ (2011)
- NLRB ਸਪੈਨਿਸ਼-ਭਾਸ਼ਾ ਦੀ ਵੈਬਸਾਈਟ ਦੀ ਪੇਸ਼ਕਸ਼ ਕਰਦੀ ਹੈ ਅਤੇ NLRB ਦੇ ਚੁਣਿੰਦਾ ਪਬਲੀਕੇਸ਼ਨ ਕਈ ਭਾਸ਼ਾਵਾਂ ਵਿੱਚ ਅਨੁਵਾਦ ਕੀਤੇ ਗਏ ਹਨ।

1-844-762-NLRB 'ਤੇ ਕਾੱਲ ਕਰੋ ਅਤੇ ਇਲਾਕਾਈ ਇਮੀਗ੍ਰੇਸ਼ਨ ਕੋਆੱਰਡੀਨੇਟਰਾਂ ਨਾਲ ਗੱਲ ਕਰੋ ਅਤੇ ਪੁੱਛੋ ਅਤੇ/ਜਾਂ ਸੁਆਲਾਂ ਨਾਲ ਵਾੱਸ਼ਿੰਗਟਨ DC ਵਿੱਚ ਇਮੀਗ੍ਰੇਸ਼ਨ ਟੀਮ (Immigration.Team@nlrb.gov) ਨੂੰ ਈਮੇਲ ਕਰੋ।